NSW Health

NSW GOVERNMENT

# ਬਾਲ ਦੰਦਾਂ ਦੇ ਸੰਭਾਲ ਦੀ ਸਮਾਂ-ਸੂਚੀ

## ਆਮ ਪੁਛੇ ਜਾਣ ਵਾਲੇ ਸਵਾਲ

### ਬੱਚਿਆਂ ਦੇ ਦੰਦਾਂ ਦੀ ਸੰਭਾਲ (Child Dental Benefits) ਦੀ ਸਮਾਂ- ਸੂਚੀ ਕੀ ਹੁੰਦੀ ਹੈ?

ਬੱਚਿਆਂ ਦੇ ਦੰਦਾਂ ਦੀ ਸੰਭਾਲ ਸਮਾਂ-ਸੂਚੀ (CDBS) ਇੱਕ ਅਜਿਹਾ ਪਰੋਗਰਾਮ ਹੈ ਜੋ ਯੋਗ ਬੱਚਿਆ ਅਤੇ ਕਿਸ਼ੋਰਾਂ ਨੂੰ ਦੰਦਾਂ ਦੀ ਮੁੱਢਲੀ ਦੇਖਭਾਲ ਲਈ ਦੋ ਕਲੰਡਰ ਸਾਲਾਂ ਵਿੱਚ ਮੈਡੀਕੇਅਰ ਲਾਭਾਂ ਵਿੱਚ $1,095 ਤੱਕ ਪਰ੍ਦਾਨ ਕਰਦਾ ਹੈ।

### ਕੀ ਮੇਰਾ ਬੱਚਾ CDBS ਲਈ ਯੋਗ ਹੈ?

ਬੱਚੇ ਅਤੇ ਕਿਸ਼ੋਰ CDBS ਲਈ ਯੋਗ ਹੋ ਸਕਦੇ ਹਨ ਜੇ ਉਹ:

- ਕੈਲੰਡਰ ਸਾਲ ਦੇ ਕਿਸੇ ਇੱਕ ਦਿਨ ਲਈ ਵੀ 0 ਤੋਂ 17 ਸਾਲ ਦੀ ਉਮਰ ਦੇ ਹੋਣ
- ਮੈਡੀਕੇਅਰ ਲਈ ਯੋਗ ਹੋਣ
- ਪਰਿਵਾਰ ਦਾ Family Tax Benefit Part A (ਪਰਿਵਾਰਕ ਆਮਦਨ ਕਰ ਲਾਭ ਭਾਗ A) ਦਾ ਹਿਸਾ ਹੋਣ ਜਾਂ ਬੱਚੇ ਨੂੰ ਮਨੁੱਖੀ ਸੇਵਾਵਾਂ ਵਿਭਾਗ (Department of Human Services) ਦੁਆਰਾ ਉਪਲਬਧ ਸੂਚੀ ਵਿੱਚੋਂ ਆਸਟਰੇ੍ਲਿਆਈ ਸਰਕਾਰ ਦਾ ਭੁਗਤਾਨ ਪਰ੍ਾਪਤ ਹੁੰਦਾ ਹੋਵੇ।

### ਮੈਨੂੰ ਜਨਤਕ ਦੰਦਾਂ ਦੀ ਕਲਿਨਿਕ ਵਿਖੇ CDBS ਦੀ ਵਰਤੋਂ ਕਰਨ ਲਈ ਇੱਕ ਵਿੱਤੀ ਸਹਾਇਤਾ ਫਾਰਮ ‘ਤੇ ਦਸਤਖਤ ਕਰਨ ਲਈ ਕਿਉਂ ਕਿਹਾ ਜਾਵੇਗਾ?

- ਇਹ ਜਨਤਕ ਦੰਦਾਂ ਦੀਆਂ ਸੇਵਾਵਾਂ ਨੂੰ CDBS ਯੋਗ ਬੱਚਿਆਂ ਲਈ ਮੈਡੀਕੇਅਰ ਤੋਂ ਲਾਭਾਂ ਦਾ ਦਾਅਵਾ ਕਰਨ ਦੀ ਆਗਿਆ ਦਿੰਦਾ ਹੈ
- ਇਹ ਲਾਭ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਦੰਦਾਂ ਦੀ ਦੇਖਭਾਲ ਦੀ ਲੋੜ ਵਾਲੇ ਹੋਰ ਮਰੀਜ਼ਾਂ ਦੇ ਇਲਾਜ ਲਈ ਵਰਤੇ ਜਾਣਗੇ।

### ਜੇ ਮੈਂ ਜਨਤਕ ਦੰਦਾਂ ਦੀ ਕਲੀਨਿਕ ਵਿੱਚ ਆਪਣੇ ਬੱਚੇ ਦੇ ਲਾਭ ਦੀ ਵਰਤੋਂ ਕਰਦਾ/ਕਰਦੀ ਹਾਂ ਤਾਂ ਕੀ ਮੇਰੇ ਕੋਲੋਂ ਕੋਈ ਫੀਸ ਲਈ ਜਾਵੇਗੀ?

ਨਹੀ। NSW ਵਿੱਚਲੀਆਂ ਜਨਤਕ ਦੰਦਾਂ ਦੀਆਂ ਕਲੀਨਿਕਾਂ ਤੁਹਾਨੂੰ ਬਿਨਾਂ ਕਿਸੇ ਕੀਮਤ ਦੇ ਤੁਹਾਡੇ ਬੱਚੇ ਦੀ ਦੇਖਭਾਲ ਪਰ੍ਦਾਨ ਕਰਨਗੇ। ਭਾਵੇਂ ਤੁਸੀ $1,095 CDBS ਮੈਡੀਕੇਅਰ ਦੇ ਲਾਭ ਤੱਕ ਪਹੁੰਚ ਜਾਂਦੇ ਹੋ, ਜਾਂ ਤੁਹਾਡੇ ਬੱਚੇ ਨੂੰ ਇਲਾਜ ਦੀ ਲੋੜ ਹੈ ਜੋ CDBS ਦੁਆਰਾ ਕਵਰ ਨਹੀ ਕੀਤਾ ਗਿਆ ਹੈ, ਤਾਂ ਤੁਹਾਡੇ ਤੋਂ ਇਹਨਾਂ ਸੇਵਾਵਾਂ ਲਈ ਖਰਚਾ ਨਹੀ ਲਿਆ ਜਾਵੇਗਾ।

### ਮੈਨੂੰ CDBS ਬਾਰੇ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

NSW ਵਿੱਚ ਜਨਤਕ ਦੰਦਾਂ ਦੀਆਂ ਸੇਵਾਵਾਂ ਵਿੱਚ CDBS ਬਾਰੇ ਜਾਣਕਾਰੀ ਲਈ ਇੱਥੇ ਜਾਓ: health.nsw.gov.au/cdbs



**CDBS ਬਾਰੇ ਆਮ ਜਾਣਕਾਰੀ ਲਈ Department of Human Services ਦੀ ਵੈਬਸਾਈਟ ‘ਤੇ ਜਾਓ।**

## ਹੋਰ ਜਾਣਨਾ ਚਾਹੁੰਦੇ ਹੋ?

ਸਾਡੇ ਕਰਮਚਾਰੀਆਂ ਤੋਂ ਪੁਛੋ ਜਾਂ **health.nsw.gov.au/cdbs** ‘ਤੇ ਜਾਓ

February 2024 © NSW Health. SHPN (COHS) 220255-15 Punjabi